PUNJABI

# ਆਮਦਨੀ-ਸਬੰਧੀ ਯੋਗਤਾ ਵਾਲੇ ਵਿਅਕਤੀਆਂ ਲਈ ਓਆਰਸੀਏ ਲਿਫਟ (ORCA LIFT) ਦਾ ਘੱਟ ਕਿਰਾਏ ਵਾਲਾ (ਰਿਡਊਸਡ ਫੇਅਰ) ਪ੍ਰੋਗਰਾਮ

## ਤੁਸੀਂ ਜਿੱਥੇ ਜਾਣਾ ਚਾਹੁੰਦੇ ਹੋ, ਜਾਓ। ਬਹੁਤ ਹੀ ਘੱਟ ਖਰਚੇ ਤੇ ਉੱਥੇ ਪਹੁੰਚੋ।

ਹੁਣ ਕੰਮ ਤੇ, ਸਕੂਲ, ਖਰੀਦਾਰੀ, ਡੇਅ ਕੇਅਰ ਤੇ ਜਾਂ ਹੋਰ ਕਿਸੇ ਵੀ ਥਾਂ ਤੇ, ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ, ਜਾਣ ਲਈ ਹੋਰ ਸਸਤਾ ਤਰੀਕਾ ਆਇਆ ਹੈ। ਇਹ ਓਆਰਸੀਏ ਲਿਫਟ (ORCA LIFT) ਹੈ, ਇੱਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਈ ਨਵਾਂ, ਘੱਟ ਕਿਰਾਏ ਵਾਲਾ ਪ੍ਰੋਗਰਾਮ ਜੋ ਤੁਹਾਡੀ ਸਾਰਵਜਨਿਕ ਆਵਾਜਾਈ ਪ੍ਰਣਾਲੀ ਤੋਂ ਵਧ ਤੋਂ ਵਧ ਲਾਭ ਉਠਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਇੱਕ ਵਾਰ ਜੇ ਤੁਸੀਂ ਓਆਰਸੀਏ ਲਿਫਟ (ORCA LIFT) ਪ੍ਰੋਗਰਾਮ ਲਈ ਯੋਗ ਠਹਿਰਾਏ ਜਾਂਦੇ ਹੋ, ਤਾਂ ਤੁਹਾਨੂੰ ਤੁਹਾਡੇ ਨਾਂ ਤੇ ਪੰਜੀਕ੍ਰਿਤ ਹੋਇਆ ਇੱਕ ਓਆਰਸੀਏ ਲਿਫਟ (ORCA LIFT) ਕਾਰਡ ਮਿਲੇਗਾ, ਜਿਸਦੀਆਂ ਵਿਸ਼ੇਸ਼ਤਾਵਾਂ (ਫੀਚਰਸ) ਸਾਰੇ ਓਆਰਸੀਏ (ORCA) ਕਾਰਡਾਂ ਦੀ ਤਰ੍ਹਾਂ ਹੀ ਹੋਣਗੀਆਂ। ਤੁਸੀਂ ਇੱਕ ਸਮੇਂ ਤੇ ਇੱਕ ਟ੍ਰਿਪ ਦਾ ਭੁਗਤਾਨ ਕਰਨ ਲਈ ਆਪਣੇ ਕਾਰਡ ਤੇ ਈ-ਪਰਸ (E-purse) ਵੈਲਯੂ ਲੋਡ ਕਰ ਸਕਦੇ ਹੋ, ਜਾਂ ਛੂਟ ਪ੍ਰਾਪਤ ਮਾਸਿਕ ਪਾਸ ਲੋਡ ਕਰ ਸਕਦੇ ਹੋ ਜਿਸ ਨਾਲ ਤੁਸੀਂ ਪੂਰੇ ਮਹੀਨੇ ਲਈ ਅਸੀਮਤ ਟ੍ਰਿਪਸ ਲੈ ਸਕਦੇ ਹੋ।

ਪਰ ਜੋ ਚੀਜ਼ ਓਆਰਸੀਏ ਲਿਫਟ (ORCA LIFT) ਨੂੰ ਖਾਸ ਬਣਾਉਂਦੀ ਹੈ ਉਹ ਹੈ ਤੁਹਾਡੇ ਕੋਲ ਹੋਣ ਵਾਲੀ ਓਆਰਸੀਏ (ORCA) ਕਾਰਡ ਪ੍ਰਣਾਲੀ ਨੂੰ ਵਰਤਣ ਦੀ ਸ਼ਕਤੀ ਅਤੇ ਸੁਵਿਧਾ, ਉਹ ਵੀ ਘੱਟ ਖਰਚੇ ਤੇ।

ਓਆਰਸੀਏ ਲਿਫਟ (ORCA LIFT) ਕਾਰਡ ਦੇ ਨਾਲ, ਆਮਦਨੀ-ਸਬੰਧੀ ਯੋਗਤਾ-ਪ੍ਰਾਪਤ ਸਵਾਰੀਆਂ ਨਿਮਨਲਿਖਤ ਤੇ ੫੦ ਪ੍ਰਤਿਸ਼ਤ ਤਕ ਜਾਂ ਇਸ ਤੋਂ ਵਧ ਬਚਾ ਸਕਦੀਆਂ ਹਨ:

- ਮੈਟਰੋ ਟ੍ਰਾਂਜ਼ਿਟ ਬੱਸਾਂ
- ਕਿਟਸੈਪ ਟ੍ਰਾਂਜ਼ਿਟ ਬੱਸਾਂ
- ਸਾਉਂਡ ਟ੍ਰਾਂਜ਼ਿਟ ਲਿੰਕ ਲਾਈਟ ਰੇਲ
- ਕਿੰਗ ਕਾਉਂਟੀ ਵਾਟਰ ਟੈਕਸੀ
- ਸਿਏਟਲ ਸਟ੍ਰੀਟਕਾਰ

## ਓਆਰਸੀਏ ਲਿਫਟ (ORCA LIFT) ਕਾਰਡ ਕਿਵੇਂ ਪ੍ਰਾਪਤ ਕਰਨਾ ਹੈ

### ਕਦਮ 1:

ਇਹ ਦੇਖਣ ਲਈ ਕਿ ਤੁਸੀਂ ਯੋਗ ਠਹਿਰਾਏ ਗਏ ਹੋ ਜਾਂ ਨਹੀਂ orcalift.com ਤੇ ਜਾਓ ਜਾਂ (206) 553-3000 ਜਾਂ (800) 756-5437 ਤੇ ਕਾਲ ਕਰੋ। ਇਸਦੇ ਲਈ ਯੋਗਤਾ ਤੁਹਾਡੀ ਘਰੇਲੂ ਆਮਦਨੀ ਦੇ ਆਧਾਰ ਤੇ ਹੁੰਦੀ ਹੈ।

### ਕਦਮ 2:

ਕਿੰਗ ਕਾਉਂਟੀ ਦੇ ਕਿਸੇ ਵੀ ਅਧਿਕਾਰਤ ਭਰਤੀ ਦਫ਼ਤਰ ਵਿੱਚ ਵਿਅਕਤੀਗਤ ਰੂਪ ਵਿੱਚ ਦਰਖਾਸਤ ਦਿਓ ਅਤੇ ਉਸੇ ਸਮੇਂ ਆਪਣਾ ਮੁਫ਼ਤ ਓਆਰਸੀਏ ਲਿਫਟ (ORCA LIFT) ਕਾਰਡ ਪ੍ਰਾਪਤ ਕਰੋ।

### ਕਦਮ 3:

ਕਿਸੇ ਵੀ ਦੂਜੇ ਓਆਰਸੀਏ (ORCA) ਕਾਰਡ ਦੀ ਤਰ੍ਹਾਂ ਆਪਣਾ ਓਆਰਸੀਏ ਲਿਫਟ (ORCA LIFT) ਕਾਰਡ ਲੋਡ ਕਰੋ ਅਤੇ ਆਵਾਜਾਈ ਲਈ ਵਰਤੋ, ਅਤੇ ਪੈਸੇ ਬਚਾਓ!

## ਯੋਗ ਠਹਿਰਾਏ ਜਾਣ ਲਈ ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ

### ਘਰੇਲੂ ਆਮਦਨੀ ਦੀ ਰਕਮ

ਦੋ ਗੁਣਾ ਸੰਘੀ ਗਰੀਬੀ ਪੱਧਰ (ਜੋ ਯੂਐਸ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੁਆਰਾ ਨਿਰਧਾਰਤ ਕੀਤਾ ਗਿਆ ਹੈ) ਤੋਂ ਘੱਟ ਪਰਿਵਾਰਕ ਆਮਦਨੀ ਵਾਲੇ ਲੋਕ, ਓਆਰਸੀਏ ਲਿਫਟ (ORCA LIFT) ਲਈ ਯੋਗ ਠਹਿਰਾਏ ਜਾਂਦੇ ਹਨ।

**ਯੋਗ ਠਹਿਰਾਏ ਜਾਣ ਲਈ ਅਧਿਕਤਮ ਪਰਿਵਾਰਕ ਆਮਦਨੀ:**

| *ਪਰਿਵਾਰ ਦਾ ਆਕਾਰ* | *ਅਧਿਕਤਮ ਪਰਿਵਾਰਕ ਆਮਦਨੀ* |
|---|---|
| 1 | $23,540 |
| 2 | $31,860 |
| 3 | $40,180 |
| 4 | $48,500 |
| 5 | $56,820 |
| 6 | $65,140 |
| 7 | $73,460 |
| 8 | $81,780 |

ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਯੋਗ ਠਹਿਰਾਏ ਗਏ ਹੋ, ਇਸਦੀ ਪੁਸ਼ਟੀ ਕਰਨ ਲਈ ਕਿ ਤੁਸੀਂ ਯੋਗ ਠਹਿਰਾਏ ਗਏ ਹੋ ਆਪਣੀ ਆਮਦਨੀ ਦੀ ਤਸਦੀਕ ਕਰਦੇ ਕਾਗਜ਼-ਪੱਤਰ ਲੈ ਕੇ ਓਆਰਸੀਏ ਲਿਫਟ (ORCA LIFT) ਦੇ ਕਿਸੇ ਵੀ ਅਧਿਕਾਰਤ ਭਰਤੀ ਦਫ਼ਤਰ ਵਿੱਚ ਜਾਓ। ਦਫ਼ਤਰ ਦੇ ਕਰਮਚਾਰੀ ਸਰਕਾਰੀ ਤੌਰ ਤੇ ਤੁਹਾਨੂੰ ਇਸ ਪ੍ਰੋਗਰਾਮ ਵਿੱਚ ਰਜਿਸਟਰ ਕਰਣਗੇ ਅਤੇ ਤੁਹਾਨੂੰ ਮੁਫ਼ਤ ਓਆਰਸੀਏ ਲਿਫਟ (ORCA LIFT) ਕਾਰਡ ਦੇਣਗੇ।

## ਆਮਦਨੀ ਦੀ ਤਸਦੀਕ ਕਰਨ ਲਈ ਕਾਗਜ਼-ਪੱਤਰ

ਜੇ ਤੁਸੀਂ ਪਹਿਲਾਂ ਤੋਂ ਹੀ ਹੇਠ ਲਿਖੇ ਕਿਸੇ ਬੈਨਿਫਿਟ ਪ੍ਰੋਗਰਾਮ ਵਿੱਚ ਹੋ:

- ਐੱਪਲ ਹੈਲਥ/ਮੇਡੀਕੇਡ ਪ੍ਰਾਪਤ-ਕਰਤਾ: ਪ੍ਰੋਵਾਈਡਰ ਵਨ ਦਾ ਡਾਕਟਰੀ ਸੇਵਾਵਾਂ ਲਈ ਕਾਰਡ। ਏਜੰਸੀ Washingtonconnect.org ਤੇ ਤੁਹਾਡੀ ਵਰਤਮਾਨ ਯੋਗਤਾ ਦੀ ਤਸਦੀਕ ਕਰ ਸਕਦੀ ਹੈ।
- ਵਾਸ਼ਿੰਗਟਨ ਬੇਸਿਕ ਫੂਡ ਪ੍ਰੋਗਰਾਮ ਦੇ ਪ੍ਰਾਪਤ-ਕਰਤਾ: ਈਬੀਟੀ (ਇਲੈਕਟ੍ਰੋਨਿਕ ਬੈਨੇਫਿਟਸ ਟ੍ਰਾਂਸਫਰ) ਕਾਰਡ। ਏਜੰਸੀ Washingtonconnect.org ਤੇ ਤੁਹਾਡੀ ਵਰਤਮਾਨ ਯੋਗਤਾ ਦੀ ਤਸਦੀਕ ਕਰ ਸਕਦੀ ਹੈ।
- ਟੈਂਪੋਰੇਰੀ ਅਸਿਸਟੈਂਸ ਫਾਰ ਨੀਡੀ ਫੈਮਿਲੀਜ਼ (TANF) ਦੇ ਪ੍ਰਾਪਤ-ਕਰਤਾ: ਏਜੰਸੀ Washingtonconnect.org ਤੇ ਤੁਹਾਡੀ ਵਰਤਮਾਨ ਯੋਗਤਾ ਦੀ ਤਸਦੀਕ ਕਰ ਸਕਦੀ ਹੈ, ਜਾਂ ਤੁਸੀਂ ਆਪਣੇ ਪੁਰਸਕਾਰ ਪੱਤਰ (ਅਵਾਰਡ ਲੈਟਰ) ਦੀ ਕਾਪੀ ਦੇ ਸਕਦੇ ਹੋ।

ਜੇ ਤੁਸੀਂ ਕਿਸੇ ਦੂਜੇ ਨਿਰਧਾਰਤ ਬੈਨਿਫਿਟਸ ਪ੍ਰੋਗਰਾਮ ਵਿੱਚ ਹੋ:

- ਬੇਰੁਜ਼ਗਾਰੀ-ਸਬੰਧੀ ਬੈਨੇਫਿਟ ਪ੍ਰਾਪਤ ਕਰ ਰਹੇ ਬਿਨੈਕਾਰਾਂ ਲਈ ਇਮਪਲੋਇਮੈਂਟ ਸਕਓਰਟੀ ਪੇਅਸਟੱਬ ਜਾਂ ਪੱਤਰ।
- ਐਸਐਸਆਈ, ਸੋਸ਼ਲ ਸਕਓਰਟੀ, ਜਾਂ ਰੇਲਰੋਡ ਲਈ ਪੁਰਸਕਾਰ ਪੱਤਰ (ਅਵਾਰਡ ਲੈਟਰ)।
- ਰਿਟਾਇਰਮੈਂਟ ਪ੍ਰਾਪਤ-ਕਰਤਾ।
- ਵਰਕਰਾਂ ਲਈ ਮੁਆਵਜ਼ੇ ਦੇ ਪ੍ਰਾਪਤ-ਕਰਤਾਵਾਂ ਲਈ ਐਲ ਐਂਡ ਆਈ (L & I) ਸਟੇਟਮੈਂਟ

ਜੇ ਤੁਹਾਡੀ ਕੋਈ ਆਮਦਨੀ ਨਹੀਂ ਹੈ:

- ਇਮਪਲਾਇਮੈਂਟ ਸਕਓਰਿਟੀ ਤਸਦੀਕੀਕਰਨ ਫਾਰਮ।
- ਪਛਾਣ ਦਸਤਾਵੇਜ਼ ਦੇ ਨਾਲ, ਇਮਪਲਾਇਮੈਂਟ ਸਕਓਰਿਟੀ ਇਹ ਤਸਦੀਕ ਕਰ ਸਕਦੀ ਹੈ ਕਿ ਤੁਸੀਂ ਕੋਈ ਆਮਦਨੀ ਪ੍ਰਾਪਤ ਨਹੀਂ ਕੀਤੀ ਹੈ ਅਤੇ ਇਸ ਤਰ੍ਹਾਂ ਤੁਸੀਂ ਯੋਗ ਠਹਿਰਾਏ ਜਾਂਦੇ ਹੋ।

ਜੇ ਤੁਸੀਂ ਨੌਕਰੀਸ਼ੁਦਾ ਹੋ:

ਨੌਕਰੀਸ਼ੁਦਾ (ਆਮਦਨੀ ਦਾ ਚੈੱਕ ਮਿਲਦਾ ਹੈ): ਪਿਛਲੇ ੩੦ ਦਿਨਾਂ ਦੀਆਂ ਪੇਅਸਟੱਬਾਂ।

ਨੌਕਰੀਸ਼ੁਦਾ (ਨਕਦ ਭੁਗਤਾਨ ਕੀਤਾ ਜਾਂਦਾ ਹੈ):

ਮਾਲਕ ਦਾ ਦਸਤਖ਼ਤ ਕੀਤਾ ਅਤੇ ਤਾਰੀਖ ਪਾਇਆ ਪੱਤਰ ਜਿਸ ਵਿੱਚ ਗਾਹਕ ਦੀ ਪਿਛਲੇ ੩੦ ਦਿਨਾਂ ਦੀ ਕੁੱਲ ਆਮਦਨੀ ਦੱਸੀ ਗਈ ਹੋਵੇ; ਜਾਂ ਤੁਹਾਡੇ ਵੱਲੋਂ ਬੈਂਕ ਸਟੇਟਮੈਂਟ ਜੇ ਤੁਸੀਂ ਉਨ੍ਹਾਂ ਦੇ ਖਾਤੇ ਵਿੱਚ ਨਕਦ ਪੈਸੇ ਜਮ੍ਹਾਂ ਕਰਵਾਏ ਹਨ।

ਆਪਣਾ ਕਾਰੋਬਾਰ ਹੈ:

ਤੁਹਾਡੀ ਸਭ ਤੋਂ ਹਾਲ ਦੀ ਟੈਕਸ ਰਿਟਰਨ ਦੀ ਕਾਪੀ। ਆਮਦਨੀ, ਤੁਹਾਡੀ ਸਭ ਤੋਂ ਹਾਲ ਦੀ ਟੈਕਸ ਰਿਟਰਨ ਤੇ ਸੰਸ਼ੋਧਿਤ ਸਮਾਯੋਜਿਤ ਕੁੱਲ ਆਮਦਨੀ ਤੇ ਆਧਾਰਤ ਹੁੰਦੀ ਹੈ: ਫਾਰਮ ੧੦੪੦ ਲਾਈਨ ੩੭; ਫਾਰਮ ੧੦੪੦ A, ਲਾਈਨ ੨੧; ਫਾਰਮ 1040 EZ, ਲਾਈਨ 4; ਜਾਂ ਆਪਣੇ ਕਾਰੋਬਾਰ ਦੀ ਕਾਰਜਸ਼ੀਟ ਨੂੰ ਪੂਰਾ ਕਰਨਾ।

### ਦਸਤਾਵੇਜ਼ ਜੋ ਸਾਬਤ ਕਰਦੇ ਹਨ ਕਿ ਤੁਸੀਂ ਕੌਣ ਹੋ

1. ਸਰਕਾਰ ਦੁਆਰਾ ਜਾਰੀ ਕੀਤੀ ਫੋਟੋ ਆਈਡੀ
    - ਡ੍ਰਾਈਵਰ ਦਾ ਲਸੰਸ (ਕੋਈ ਰਾਜ ਜਾਂ ਦੇਸ਼)
    - ਕਿਸੇ ਰਾਜ, ਸੂਬੇ, ਕਾਉਂਟੀ ਜਾਂ ਦੇਸ਼ ਵੱਲੋਂ ਦਿੱਤਾ ਗਿਆ ਫੋਟੋ ਆਈਡੀ ਕਾਰਡ
    - ਫੋਟੋ ਦੇ ਨਾਲ ਆਰਮਡ ਸਰਵਿਸਿਜ਼ (ਹਥਿਆਰਬੰਦ ਸੇਵਾਵਾਂ) ਆਈਡੀ
    - ਕਿਸੇ ਵਿਦੇਸ਼ੀ ਦੂਤਾਵਾਸ ਵੱਲੋਂ ਦਿੱਤਾ ਗਿਆ ਆਈਡੀ ਕਾਰਡ
    - ਕਿਸੇ ਵੀ ਦੇਸ਼ ਦਾ ਪਾਸਪੋਰਟ
    - ਸਕੂਲ ਫੋਟੋ ਆਈਡੀ - ਯੂਨੀਵਰਸਿਟੀ, ਕਾਲਜ, ਹਾਈ ਸਕੂਲ
    - ਟ੍ਰਾਇਬਲ (ਜਨਜਾਤੀ) ਆਈਡੀ
    - ਨਾਗਰਿਕਤਾ, ਦੇਸ਼ੀਕਰਨ ਦਾ ਯੂਐਸ ਪ੍ਰਮਾਣ-ਪੱਤਰ (ਹਸਤਾਖਰ, ਫੋਟੋ)
    - ਕਿਸੇ ਦੇਸ਼ ਦੀ ਸਰਕਾਰੀ ਏਜੰਸੀ ਦੁਆਰਾ ਜਾਰੀ ਕੀਤੀ ਫੋਟੋ ਆਈਡੀ ਦਾ ਕੋਈ ਹੋਰ ਰੂਪ

- ਜਾਂ -

2. ਦੋ ਜਾਂ ਜ਼ਿਆਦਾ ਦਸਤਾਵੇਜ਼ਾਂ ਦਾ ਸੁਮੇਲ:
   ਇੱਕ ਵਿਅਸਕ ਦੇ ਰੂਪ ਵਿੱਚ ਤੁਹਾਡੇ ਨਾਂ ਅਤੇ ਫੋਟੋ ਦੇ ਨਾਲ ਗੈਰ-ਸਰਕਾਰੀ ਸੰਗਠਨ ਵੱਲੋਂ ਜਾਰੀ ਕੀਤਾ ਦਸਤਾਵੇਜ਼, ਅਤੇ ਦਸਤਾਵੇਜ਼ ਜਿਸ ਵਿੱਚ ਤੁਹਾਡਾ ਨਾਂ ਅਤੇ ਜਨਮ ਤਾਰੀਖ ਦਿੱਤੀ ਹੋਵੇ, ਜਿਵੇਂ:
    - ਬੱਚੇ ਨੂੰ ਗੋਦ ਲੈਣ ਸਬੰਧੀ ਕਾਗਜ਼-ਪੱਤਰ
    - ਨਾਮਕਰਨ-ਸੰਸਕਾਰ ਦੇ ਰਿਕਾਰਡ
    - ਜਨਮ ਦਾ ਪ੍ਰਮਾਣ-ਪੱਤਰ
    - ਬੋਰਡਰ ਪਾਰ ਕਰਨ ਦਾ ਕਾਰਡ
    - ਅਦਾਲਤੀ ਆਦੇਸ਼
    - ਡੀਐਚਐਸ “ਭਰੋਸੇਮੰਦ ਯਾਤਰੀ” ਕਾਰਡ (NEXUS, SENTRI, FAST)
    - ਡ੍ਰਾਈਵਰ ਦਾ ਹਿਦਾਇਤੀ ਪਰਮਿਟ
    - ਰਾਖੀ ਕਰਨ ਸਬੰਧੀ ਸੇਵਾਵਾਂ ਵਿੱਚ ਹੋਣ ਵਾਲੇ ਵਿਅਕਤੀਆਂ ਲਈ ਡੀਐਸਐਚਐਸ ਪਛਾਣ ਪੱਤਰ
    - ਕਰਮਚਾਰੀ ਆਈਡੀ ਕਾਰਡ
    - ਇਮੀਗ੍ਰੇਸ਼ਨ ਆਈਡੀ
    - ਵਿਆਹ ਦਾ ਲਸੰਸ
    - ਸਕੂਲੀ ਰਿਕਾਰਡ / ਲਿਖਤੀ ਨਕਲ (ਪ੍ਰਮਾਣਿਤ)
    - ਸੋਸ਼ਲ ਸਕਓਿਰਟੀ ਕਾਰਡ
    - ਪਰਿਵਹਨ ਵਰਕਰ ਪਛਾਣ ਪ੍ਰਮਾਣ-ਪੱਤਰ (ਟੀ.ਡਬਲੂ.ਆਈ. ਸੀ.)
    - ਬੇਰੁਜ਼ਗਾਰੀ ਕਾਰਡ

## ਤੁਸੀਂ ਆਪਣਾ ਓਆਰਸੀਏ ਲਿਫਟ (ORCA LIFT) ਕਾਰਡ ਕਿੱਥੋਂ ਲੈਣਾ ਹੈ

ਓਆਰਸੀਏ ਲਿਫਟ (ORCA LIFT) ਦੇ ਅਧਿਕਾਰਤ ਭਰਤੀ ਦਫ਼ਤਰ ਪੂਰੇ ਕਿੰਗ ਕਾਉਂਟੀ ਵਿੱਚ ਸਥਿਤ ਹਨ। ਇਨ੍ਹਾਂ ਦਫ਼ਤਰਾਂ ਨੂੰ ਪਬਲਿਕ ਹੈਲਥ ਅਤੇ ਹੇਠਾਂ ਦਿੱਤੀਆਂ ਹੋਰਨਾਂ ਏਜੰਸੀਆਂ ਦੁਆਰਾ ਚਲਾਇਆ ਜਾਂਦਾ ਹੈ। ਕਿਸੇ ਖਾਸ ਲੋਕੇਸ਼ਨਾਂ ਅਤੇ ਕੰਮਕਾਜੀ ਘੰਟਿਆਂ ਦੀ ਵਿਸਤ੍ਰਤ ਸੂਚੀ ਲਈ, orcalift.com ਤੇ ਜਾਓ, ਜਾਂ (206) 553-3000 ਜਾਂ (800) 756-5437 ਤੇ ਕਾਲ ਕਰੋ।

- ਪਬਲਿਕ ਹੈਲਥ - ਸਿਏਟਲ ਐਂਡ ਕਿੰਗ ਕਾਉਂਟੀ
- ਕੈਥੋਲਿਕ ਕਮਊਨਟੀ ਸਰਵਿਸਿਜ਼ ਆਫ ਵੈਸਟ੍ਰਨ ਵਾਸ਼ਿੰਗਟਨ
- ਕਮਪਾਸ ਹਾਉਸਿੰਗ ਅਲਾਇੰਸ
- ਏਲ ਸੈਂਟਰੋ ਡੇ ਲਾ ਰਾਜ਼ਾ
- ਗਲੋਬਲ ਟੂ ਲੋਕਲ
- ਮਲਟੀ-ਸਰਵਿਸ ਸੈਂਟਰ
- ਰਿਫਊਜੀ ਵੂਮੇਨਜ਼ ਅਲਾਇੰਸ (ReWA)
- ਵਿਦਇਨਰੀਚ
- YWCA
    - ਸਿਏਟਲ
    - ਕਿੰਗ
    - ਸਨੋਹੋਮਿਸ਼

ਆਪਣੇ ਸਮੁਦਾਏ ਵਿੱਚ ਨਾਂ ਦਰਜ ਕਰਵਾਉਣਾ:

ਓਆਰਸੀਏ ਲਿਫਟ (ORCA LIFT) ਦੀਆਂ ਭਰਤੀ ਲੋਕੇਸ਼ਨਾਂ ਤੋਂ ਇਲਾਵਾ, ਕਿੰਗ ਕਾਉਂਟੀ ਅਤੇ ਇਸਦੇ ਸਾਥੀ ਸੰਗਠਨ ਸਾਲ ਭਰ ਵਿੱਚ ਵੱਖ-ਵੱਖ ਸਮੁਦਾਇਕ ਲੋਕੇਸ਼ਨਾਂ ਤੇ ਉਪਰਾਲੇ ਕਰਦੇ ਹਨ। ਆਪਣੇ ਇਲਾਕੇ ਵਿੱਚ ਹੋਣ ਵਾਲੇ ਆਗਾਮੀ ਉਪਰਾਲਿਆਂ ਬਾਰੇ ਜਾਣਨ ਲਈ (800) 756-5437 ਤੇ ਕਾਲ ਕਰੋ।

## ਮਹੱਤਵਪੂਰਨ ਸਵਾਲ

### ਕਿਹੜੀਆਂ ਪਰਿਵਹਨ ਏਜੰਸੀਆਂ ਓਆਰਸੀਏ ਲਿਫਟ (ORCA LIFT) ਸਵੀਕਾਰ ਕਰਦੀਆਂ ਹਨ?

ਵਰਤਮਾਨ ਸਮੇਂ ਵਿੱਚ, ਓਆਰਸੀਏ ਲਿਫਟ ਦੇ ਘੱਟ ਕਿਰਾਏ, ਕਿੰਗ ਕਾਉਂਟੀ ਮੈਟਰੋ ਟ੍ਰਾਂਜ਼ਿਟ ਬੱਸਾਂ, ਸਾਉਂਡ ਟ੍ਰਾਂਜ਼ਿਟ ਲਿੰਕ ਲਾਈਟ ਰੇਲ, ਸਿਏਟਲ ਸਟ੍ਰੀਟਕਾਰ, ਕਿੰਗ ਕਾਉਂਟੀ ਵਾਟਰ ਟੈਕਸੀ, ਅਤੇ ਕਿਟਸੈਪ ਟ੍ਰਾਂਜ਼ਿਟ ਬੱਸਾਂ ਵਿੱਚ ਪੇਸ਼ ਕੀਤੇ ਜਾਂਦੇ ਹਨ।

ਓਆਰਸੀਏ ਵਿੱਚ ਭਾਗ ਲੈ ਰਹੀਆਂ ਹੋਰ ਸਾਰੀਆਂ ਏਜੰਸੀਆਂ ਓਆਰਸੀਏ ਲਿਫਟ (ORCA LIFT) ਕਾਰਡ ਨੂੰ ਸਵੀਕਾਰ ਕਰਣਗੀਆਂ, ਪਰ ਕਾਰਡਧਾਰਕ ਉਨ੍ਹਾਂ ਏਜੰਸੀਆਂ ਦੁਆਰਾ ਪ੍ਰਦਾਨ ਕੀਤੀ ਸੇਵਾ ਲਈ ਵਰਤਮਾਨ ਮਾਨਕ ਬਾਲਗ ਕਿਰਾਏ ਦਾ ਭੁਗਤਾਨ ਕਰੇਗਾ। ਤੁਸੀਂ ਉਸ ਕਿਰਾਏ ਦਾ ਭੁਗਤਾਨ ਆਪਣੇ ਕਾਰਡ ਵਿੱਚ ਲੋਡ ਕੀਤੀ ਈ-ਪਰਸ (E-purse) ਵੈਲਯੂ ਜਾਂ ਪੁਗੇਟਪਾਸ (PugetPass) ਨਾਲ ਕਰ ਸਕਦੇ ਹੋ। ਜੇ ਤੁਸੀਂ ਭੁਗਤਾਨ ਲਈ ਆਪਣੇ ਪੁਗੇਟਪਾਸ (PugetPass) ਦਾ ਇਸਤੇਮਾਲ ਕਰਦੇ ਹੋ, ਤਾਂ ਤੁਹਾਨੂੰ ਤੁਹਾਡੇ ਪੁਗੇਟਪਾਸ (PugetPass) ਦੀ ਟ੍ਰਿਪ ਵੈਲਯੂ ਕ੍ਰੈਡਿਟ ਕਰ ਦਿੱਤੀ ਜਾਵੇਗੀ, ਅਤੇ ਬਾਕੀ ਦੇ ਪੈਸਿਆਂ ਦਾ ਭੁਗਤਾਨ ਆਪਣੀ ਈ-ਪਰਸ (E-purse) ਵੈਲਯੂ ਜਾਂ ਨਕਦੀ ਰੂਪ ਤੋਂ ਕਰਨਾ ਹੋਵੇਗਾ। ਓਆਰਸੀਏ ਲਿਫਟ (ORCA LIFT) ਕਾਰਡ ਦੇ ਨਾਲ ਟ੍ਰਾਂਸਫਰਾਂ ਤੁਹਾਡੇ ਦੁਆਰਾ ਅਦਾ ਕੀਤੇ ਗਏ ਸ਼ੁਰੂਆਤੀ ਕਿਰਾਏ ਦੀ ਵੈਲਯੂ ਤਕ ਸਵੀਕਾਰੀਆਂ ਜਾਂਦੀਆਂ ਹਨ।

ਟ੍ਰਾਂਜ਼ਿਟ ਏਜੰਸੀਆਂ, ਜੋ ਓਆਰਸੀਏ (ORCA) ਸਵੀਕਾਰ ਕਰਦੀਆਂ ਹਨ, ਦੀ ਵਰਤਮਾਨ ਸੂਚੀ ਲਈ ਕਾਰਡਧਾਰਕ 206-553-3000 ਤੇ ਕਾਲ ਕਰ ਸਕਦੇ ਹਨ।

### ਓਆਰਸੀਏ ਲਿਫਟ (ORCA LIFT) ਕਾਰਡ ਨੂੰ ਪ੍ਰਾਪਤ ਕਰਨ ਵਿੱਚ ਕਿੰਨਾ ਖਰਚਾ ਆਉਂਦਾ ਹੈ?

ਕੁਝ ਵੀ ਨਹੀਂ। ਇਹ ਕਾਰਡ ਯੋਗਤਾ-ਪ੍ਰਾਪਤ ਵਿਅਕਤੀਆਂ ਲਈ ਮੁਫ਼ਤ ਹੈ। ਜੇ ਤੁਹਾਡਾ ਕਾਰਡ ਗੁਆਚ ਜਾਂਦਾ ਹੈ, ਚੋਰੀ ਹੋ ਜਾਂਦਾ ਹੈ ਜਾਂ ਖਰਾਬ ਹੋ ਜਾਂਦਾ ਹੈ, ਤਾਂ ਇਸਦੇ ਬਦਲੇ ਮਿਲਣ ਵਾਲੇ ਕਾਰਡ ਦਾ ਖਰਚਾ $5 ਆਉਂਦਾ ਹੈ। ਕਾਰਡ ਵਿੱਚ ਈ-ਪਰਸ (E-purse) ਵੈਲਯੂ ਜਾਂ ਮਹੀਨੇਵਾਰ ਟ੍ਰਾਂਜ਼ਿਟ ਪਾਸ ਨੂੰ ਲੋਡ ਕਰਨ ਦੀ ਲਾਗਤਾਂ ਦੀ ਜ਼ਿੰਮੇਵਾਰੀ ਉਪਭੋਗਤਾਵਾਂ ਦੀ ਹੀ ਹੋਵੇਗੀ।

### ਕੀ ਮੇਰੇ ਓਆਰਸੀਏ ਲਿਫਟ (ORCA LIFT) ਕਾਰਡ ਦੀ ਮਿਤੀ ਪੁੱਗ ਜਾਵੇਗੀ?

ਓਆਰਸੀਏ ਲਿਫਟ (ORCA LIFT) ਕਾਰਡ ਤੁਹਾਡੇ ਇਸਨੂੰ ਪ੍ਰਾਪਤ ਕਰਨ ਦੇ ਸਮੇਂ ਤੋਂ ਲੈ ਕੇ ੨੪ ਮਹੀਨਿਆਂ (ਦੋ ਸਾਲ) ਤਕ ਵੈਧ ਹੁੰਦਾ ਹੈ। ਉਸ ਤੋਂ ਬਾਅਦ, ਤੁਸੀਂ ਇਸਦੇ ਲਈ ਮੁੜ ਦਰਖਾਸਤ ਦੇ ਸਕਦੇ ਹੋ। ਤੁਹਾਡੇ ਕਾਰਡ ਪੁੱਗਣ ਦੀ ਤਾਰੀਖ ਇਸਦੇ ਪਿਛਲੇ ਪਾਸੇ ਛਪੀ ਹੋਵੇਗੀ।

### ਜੇ ਕੋਈ ਵਿਅਕਤੀ ਓਆਰਸੀਏ ਲਿਫਟ (ORCA LIFT) ਪ੍ਰੋਗਰਾਮ ਲਈ ਯੋਗ ਠਹਿਰਾਇਆ ਜਾਂਦਾ ਹੈ ਅਤੇ ਉਸ ਤੋਂ ਬਾਅਦ ੨੦੦ ਪ੍ਰਤਿਸ਼ਤ ਸੰਘੀ ਗਰੀਬੀ ਪੱਧਰ ਤੋਂ ਵਧ ਕਮਾਉਣ ਲੱਗ ਜਾਵੇ, ਤਾਂ ਕੀ ਹੁੰਦਾ ਹੈ?

ਕੋਈ ਵੀ ਵਿਅਕਤੀ ਜੋ ਸ਼ੁਰੂਆਤ ਵਿੱਚ ਓਆਰਸੀਏ ਲਿਫਟ (ORCA LIFT) ਪ੍ਰੋਗਰਾਮ ਲਈ ਯੋਗ ਠਹਿਰਾਇਆ ਗਿਆ ਹੈ ਉਹ ਆਪਣੇ ਕਾਰਡ ਦੇ ਪੁੱਗਣ ਤਕ ਇਸਨੂੰ ਜਾਰੀ ਰੱਖ ਸਕਦਾ ਹੈ। ਉਸ ਸਮੇਂ ਤੇ ਉਸਨੂੰ ਪ੍ਰੋਗਰਾਮ ਲਈ ਦੁਬਾਰਾ ਦਰਖਾਸਤ ਦੇਣ ਦੀ ਲੋੜ ਹੋਵੇਗੀ ਅਤੇ ਲਗਾਤਾਰ ਆਪਣੇ ਆਪਨੂੰ ਯੋਗ ਠਹਿਰਾਏ ਜਾਣ ਦੇ ਸਬੂਤ ਦੇਣੇ ਹੋਣਗੇ।

## ਓਆਰਸੀਏ ਲਿਫਟ (ORCA LIFT) ਕਾਰਡ ਨੂੰ ਕੰਮ ਵਿੱਚ ਕਿਵੇਂ ਲਿਆਇਆ ਜਾਂਦਾ ਹੈ

ਕਿਸੇ ਵੀ ਹੋਰ ਨਿਯਮਿਤ ਓਆਰਸੀਏ (ORCA) ਕਾਰਡ ਦੀ ਤਰ੍ਹਾਂ, ਤੁਸੀਂ ਇਸ ਕਾਰਡ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਕਾਰਡ ਤੇ ਈ-ਪਰਸ (E-purse) ਵੈਲਯੂ ਜਾਂ ਮਹੀਨੇਵਾਰ ਪਾਸ ਲੋਡ ਕਰੋ।

1. ਆਪਣੇ ਕਾਰਡ ਨੂੰ ਲੋਡ ਕਰਨ ਲਈ ਕਿੰਗ ਕਾਉਂਟੀ ਵਿੱਚ ਓਆਰਸੀਏ (ORCA) ਦੇ ਕਿਸੇ ਵੀ ਰੀਵੈਲਯੂ ਲੋਕੇਸ਼ਨ ਤੇ ਜਾਓ।
    - ਕਿੰਗ ਸਟ੍ਰੀਟ ਸੈਂਟਰ ਮੈਟਰੋ ਕਸਟਮਰ ਸਰਵਿਸ ਆਫਿਸ
    - ਵੇਸਟਲੇਕ ਸਟੇਸ਼ਨ, ਡਾਉਨਟਾਉਨ ਸਿਏਟਲ ਟ੍ਰਾਂਜ਼ਿਟ ਟਨਲ ਮੈਟਰੋ ਕਸਟਮਰ ਸਰਵਿਸ ਆਫਿਸ
    - ਡਾਉਨਟਾਉਨ ਸਿਏਟਲ ਟ੍ਰਾਂਜ਼ਿਟ ਟਨਲ, ਲਿੰਕ ਲਾਈਟ ਰੇਲ ਸਟੇਸ਼ਨਾਂ, ਅਤੇ ਕੁਝ ਟ੍ਰਾਂਜ਼ਿਟ ਕੇਂਦਰਾਂ ਵਿੱਚ ਕੋਈ ਵੀ ਟਿਕਟ ਵੈਂਡਿੰਗ ਮਸ਼ੀਨ
    - ਓਆਰਸੀਏ (ORCA) ਕਾਰਡ ਦਾ ਕੋਈ ਵੀ ਰਿਟੇਲਰ (ਖੁਦਰਾ-ਵਪਾਰੀ)
    - Orcacard.com
2. ਦੋ ਤਰੀਕਿਆਂ ਨਾਲ ਭੁਗਤਾਨ ਕਰੋ:
    - ਉਸ ਮਹੀਨੇ ਦੌਰਾਨ ਅਸੀਮਤ ਸਵਾਰੀਆਂ ਲਈ ਮਹੀਨੇਵਾਰ ਪੁਗੇਟਪਾਸ (PugetPass) ਲੋਡ ਕਰਵਾਓ - ਇਹ ਇੱਕ ਵਧੀਆ ਪਸੰਦ ਹੈ ਜੇ ਤੁਸੀਂ ਹਰ ਸਮੇਂ ਕਾਰਡ ਦਾ ਇਸਤੇਮਾਲ ਕਰਦੇ ਹੋ।
    - ਕਾਰਡ ਤੇ $5 ਤੋਂ $300 ਤਕ ਲੋਡ ਕਰਵਾਉਣ ਲਈ ਈ-ਪਰਸ (E-Purse) ਦਾ ਇਸਤੇਮਾਲ ਕਰੋ - ਇਹ ਇੱਕ ਵਧੀਆ ਪਸੰਦ ਹੈ ਜੇ ਤੁਸੀਂ ਕਾਰਡ ਦਾ ਇਸਤੇਮਾਲ ਕਦੇ-ਕਦਾਈਂ ਕਰਦੇ ਹੋ।
3. ਬੋਰਡ ਕਰਨ ਵੇਲੇ ਕਾਰਡ ਰੀਡਰ ਨੂੰ ਟੈਪ ਕਰੋ।
4. ਜਿੱਥੇ ਜਾਣਾ ਚਾਹੁੰਦੇ ਹੋ ਜਾਓ!

### ਮੈਂ ਕਿੰਨੀ ਬਚਤ ਕਰਾਂਗਾ/ਗੀ?

ਤੁਸੀਂ ਮੈਟਰੋ ਟ੍ਰਾਂਜ਼ਿਟ ਬੱਸਾਂ, ਸਾਉਂਡ ਟ੍ਰਾਂਜ਼ਿਟ ਲਿੰਕ ਲਾਈਟ ਰੇਲ, ਅਤੇ ਸਿਏਟਲ ਸਟ੍ਰੀਟਕਾਰ ਵਿੱਚ ਇੱਕ-ਜਾਂ ਦੋ-ਜ਼ੋਨ ਸਫ਼ਰ ਲਈ, ਦਿਨ ਦੇ ਕਿਸੇ ਵੀ ਸਮੇਂ, ਪ੍ਰਤਿ ਟ੍ਰਿਪ ਸਿਰਫ $1.50 ਦਾ ਭੁਗਤਾਨ ਕਰੋਗੇ। ਕਿਟਸੈਪ ਟ੍ਰਾਂਜ਼ਿਟ ਬੱਸ ਦੇ ਟ੍ਰਿਪ ਦੀ ਲਾਗਤ $1.00 ਹੈ।

ਵੇਸਟ ਸਿਏਟਲ/ਡਾਉਨਟਾਉਨ ਸਿਏਟਲ ਲਈ ਕਿੰਗ ਕਾਉਂਟੀ ਵਾਟਰ ਟੈਕਸੀ ਉੱਤੇ ਓਆਰਸੀਏ ਲਿਫਟ (ORCA LIFT) ਦਾ ਕਿਰਾਇਆ $3.00 ਹੈ ਅਤੇ ਵੈਸ਼ਨ ਆਈਲੈਂਡ/ਡਾਉਨਟਾਉਨ ਸਿਏਟਲ ਪ੍ਰਤਿ ਟ੍ਰਿਪ ਲਈ $3.75 ਹੈ।

ਇਸਲਈ, ਜੇ ਤੁਸੀਂ ਦਿਨ ਦੇ ਸਭ ਤੋਂ ਵਿਅਸਤ ਘੰਟਿਆਂ ਦੇ ਦੌਰਾਨ ਦੋ ਜ਼ੋਨਾਂ ਵਿੱਚ ਮੈਟਰੋ ਟ੍ਰਾਂਜ਼ਿਟ ਉੱਤੇ ਹਫਤੇ ਦੇ ਪੰਜ ਦਿਨ, ਦਿਨ ਵਿੱਚ ਦੋ ਬੱਸਾਂ ਲੈਂਦੇ ਹੋ, ਤਾਂ ਤੁਸੀਂ ਹਰ ਸਾਲ ਵਿੱਚ $910 ਤਕ ਬਚਾ ਸਕਦੇ ਹੋ।

## ਕਿੰਗ ਕਾਉਂਟੀ ਬਾਰੇ

ਕਿੰਗ ਕਾਉਂਟੀ ਵਿਖੇ, ਸਾਡਾ ਮੰਨਣਾ ਹੈ ਕਿ ਹਰ ਵਿਅਕਤੀ ਦੀ ਸਾਡੀ ਸਾਰਵਜਨਿਕ ਪਰਿਵਹਨ ਪ੍ਰਣਾਲੀ ਤੇ ਪਹੁੰਚ ਹੋਣੀ ਚਾਹੀਦੀ ਹੈ, ਇਸਲਈ ਸਾਨੂੰ ਇਸ ਪ੍ਰੋਗਰਾਮ ਨੂੰ ਪੇਸ਼ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ, ਜੋ ਕਿ ਦੇਸ਼ ਵਿੱਚ ਇਸ ਕਿਸਮ ਦਾ ਪਹਿਲਾ ਪ੍ਰੋਗਰਾਮ ਹੈ।

ਸਮਾਨਤਾ ਹਰ ਇੱਕ ਨੂੰ ਵਧਣ ਦੇ ਯੋਗ ਬਣਾਉਂਦੀ ਹੈ ਅਤੇ ਇਹ ਸਾਡੀ ਕਾਉਂਟੀ ਨੂੰ ਮਜ਼ਬੂਤ ਬਣਾਉਂਦੀ ਹੈ। ਸਾਨੂੰ ਉਮੀਦ ਹੈ ਕਿ ਓਆਰਸੀਏ ਲਿਫਟ (ORCA LIFT) ਪ੍ਰੋਗਰਾਮ ਕਿੰਗ ਕਾਉਂਟੀ ਵਿੱਚ ਹਰ ਵਿਅਕਤੀ ਨੂੰ ਟ੍ਰਾਂਜ਼ਿਟ ਪਹੁੰਚ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ।

## ਵਧੇਰੇ ਜਾਣਕਾਰੀ ਲਈ:

(206) 553-3000

(800) 756-5437

orcalift.com